MOSAIC
TRANSLATION SERVICES
5575 Boundary Road, Vancouver, B.C. Canada V5R 2P9
Tel: 604-254-0469 ♦ Toll Free: 1-877-475-6777 ♦ Fax: 604-254-2321 ♦ www.mosaicbc.org

# ਨਿੱਜੀ ਅਨੁਵਾਦ

## ਸੇਵਾਵਾਂ ਮਿਲਦੀਆਂ ਹਨ

**ਆਮ:** ਕੰਮ ਕਾਰ ਦੇ 5 ਦਿਨਾਂ ਵਿਚ, ਜਾਂ
**ਰੱਸ਼ ਸਰਵਿਸ:** ਕੰਮ ਕਾਰ ਦੇ ਘੱਟੋ ਘੱਟ 2 ਦਿਨਾਂ ਵਿਚ

## ਅਨੁਵਾਦ ਲਈ ਰੇਟ

ਚਾਰਜ ਕੀਤੇ ਜਾਂਦੇ ਰੇਟ, ਮੰਗੀ ਗਈ ਸਰਵਿਸ ਦੀ ਕਿਸਮ ’ਤੇ ਨਿਰਭਰ ਕਰਦੇ ਹਨ ਅਤੇ ਸਦਾ ਅੰਗਰੇਜ਼ੀ ਸ਼ਬਦਾਂ ਦੀ ਗਿਣਤੀ ’ਤੇ ਆਧਾਰਿਤ ਹੁੰਦੇ ਹਨ।

| **ਆਮ ਸਰਵਿਸ** | | **ਰੱਸ਼ ਸਰਵਿਸ** | |
|---|---|---|---|
| ਸ਼ਬਦਾਂ ਦੀ ਗਿਣਤੀ | ਚਾਰਜ | ਸ਼ਬਦਾਂ ਦੀ ਗਿਣਤੀ | ਚਾਰਜ |
| 1 – 125 ਸ਼ਬਦ | 35.00 ਡਾਲਰ | 1 – 125 ਸ਼ਬਦ | 50.00 ਡਾਲਰ |
| 126 – 210 ਸ਼ਬਦ | 40.00 ਡਾਲਰ | 126 – 210 ਸ਼ਬਦ | 60.00 ਡਾਲਰ |
| 211 – + ਸ਼ਬਦ | 0.20 ਸੈਂਟ ਪ੍ਰਤੀ ਸ਼ਬਦ | 211 – + ਸ਼ਬਦ | 0.30 ਸੈਂਟ ਪ੍ਰਤੀ ਸ਼ਬਦ |

ਇਹ ਰੇਟ ਵਪਾਰਕ ਜਾਂ ਕਾਰਪੋਰੇਟ ਕਿਸਮਾਂ ਦੇ ਡਾਕੂਮੈਂਟਸ (ਪੇਪਰਾਂ) ਦੇ ਅਨੁਵਾਦ ’ਤੇ ਲਾਗੂ ਨਹੀਂ ਹੁੰਦੇ। ਗੈਰ-ਰੋਮਨ ਆਧਾਰਿਤ ਵਰਨਮਾਲਾ (ਚੀਨੀ, ਜਪਾਨੀ, ਕੋਰੀਅਨ ਆਦਿ) ਉੱਪਰ ਆਧਾਰਿਤ ਕੁਝ ਜ਼ਬਾਨਾਂ ਵਿਚ ਟਾਈਪਸੈਟਿੰਗ ਅਤੇ ਲੇਆਊਟ ਲਈ ਹੋਰ ਖਰਚਾ ਲਿਆ ਜਾਂਦਾ ਹੈ। ਇਹ ਖਰਚਾ ਅਸਲੀ ਡਾਕੂਮੈਂਟ ਦੇ ਪ੍ਰਤੀ ਸਫੇ ਉੱਪਰ 40.00 ਡਾਲਰ, ਜਾਂ ਜ਼ਿਆਦਾ ਹੈ ਜੋ ਕਿ ਲੇਆਊਟ ਦੀ ਜਟਿਲਤਾ ’ਤੇ ਨਿਰਭਰ ਕਰਦਾ ਹੈ।

## ਅਨੁਵਾਦ ਦੀ ਲੋੜ ਵੇਲੇ ਕੀ ਕਰਨਾ ਹੈ

ਅਨੁਵਾਦ ਦੀਆਂ ਸੇਵਾਵਾਂ ਲੈਣ ਦੀ ਮੰਗ ਕਰਨ ਲਈ ਅੱਗੇ ਲਿਖਿਆ ਤਰੀਕਾ ਆਮ ਵਰਤਿਆ ਜਾਂਦਾ ਹੈ:

ਆਪਣੇ ਪੇਪਰ ਮੋਜ਼ੈਕ ਟ੍ਰਾਂਸਲੇਸ਼ਨਜ਼ ਡਿਪਾਰਟਮੈਂਟ ਵਿਚ ਅੱਗੇ ਲਿਖੇ ਐਡਰੈਸ ’ਤੇ ਲੈ ਕੇ ਆਉ:

5575 Boundary Road
Vancouver, B.C. V5R 2P9
ਫੋਨ: (604) 254-0469 ਐਕਸਟੈਨਸ਼ਨ 1221

| | | |
|---|---|---|
| ਦਫਤਰ ਦਾ ਸਮਾਂ : | ਸੋਮਵਾਰ | ਸਵੇਰ ਦੇ 9:00 ਵਜੇ ਤੋਂ ਬਾਅਦ ਦੁਪਹਿਰ 6:00 ਵਜੇ ਤੱਕ |
| | ਮੰਗਲਵਾਰ, ਵੀਰਵਾਰ, ਸ਼ੁਕਰਵਾਰ | ਸਵੇਰ ਦੇ 9:00 ਵਜੇ ਤੋਂ ਬਾਅਦ ਦੁਪਹਿਰ 5:00 ਵਜੇ ਤੱਕ |
| | ਬੁੱਧਵਾਰ | ਸਵੇਰ ਦੇ 9:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ |

ਸਾਡੇ ਕਸਟਮਰ ਸਰਵਿਸ ਦੇ ਵਰਕਰ ਤੁਹਾਨੂੰ ਖਰਚੇ ਦਾ ਅੰਦਾਜ਼ਾ ਦੱਸਣਗੇ ਜੋ ਕਿ ਅੰਗਰੇਜ਼ੀ ਸ਼ਬਦਾਂ ਦੀ ਅੰਦਾਜ਼ਨ ਗਿਣਤੀ ਉੱਪਰ ਆਧਾਰਿਤ ਹੋਵੇਗਾ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਅੰਤਿਮ ਖਰਚਾ ਅਨੁਵਾਦ ਦੇ ਅੰਗਰੇਜ਼ੀ ਸ਼ਬਦਾਂ ਦੀ ਗਿਣਤੀ ਮੁਤਾਬਕ ਹੋਵੇਗਾ ਅਤੇ ਨਤੀਜੇ ਵਜੋਂ ਖਰਚਾ ਅੰਦਾਜ਼ੇ ਨਾਲੋਂ ਜ਼ਿਆਦਾ ਹੋ ਸਕਦਾ ਹੈ। ਜੇ ਤੁਸੀਂ ਆਪਣੇ ਪੇਪਰ ਅਨੁਵਾਦ ਕਰਵਾਉਣ ਦਾ ਫੈਸਲਾ ਕਰਦੇ ਹੋ ਤਾਂ ਤੁਹਾਨੂੰ ਅੰਦਾਜ਼ਨ ਕੀਮਤ ਦਾ 65 ਪ੍ਰਤੀਸ਼ਤ ਅਨੁਵਾਦ ਲਈ ਡਿਪਾਜ਼ਿਟ ਵਜੋਂ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇਗਾ। ਇਹ ਪੈਸੇ ਨਗਦ, ਅਮੈਰੇਕਨ ਐਕਸਪ੍ਰੈਸ, ਵੀਜ਼ੇ, ਮਾਸਟਰਕਾਰਡ, ਜਾਂ ਇੰਟਰਐਕ ਰਾਹੀਂ ਦਿੱਤੇ ਜਾ ਸਕਦੇ ਹਨ। ਤੁਹਾਨੂੰ ਪੈਸੇ ਜਮ੍ਹਾਂ ਕਰਵਾਉਣ ਦੀ ਰਸੀਦ ਦਿੱਤੀ ਜਾਵੇਗੀ ਅਤੇ ਇਸ ਵਿਚ ਤੁਹਾਡੇ ਅਨੁਵਾਦ ਬਾਰੇ ਜਾਣਕਾਰੀ ਹੋਵੇਗੀ (ਦਿੱਤੀ ਰਕਮ, ਅਨੁਵਾਦ ਚੁੱਕਣ ਦੀ ਤਰੀਕ ਅਤੇ ਸਮਾਂ, ਤੁਹਾਡੇ ਅਨੁਵਾਦ ’ਤੇ ਲਾਗੂ ਹੋਣ ਵਾਲੇ ਰੇਟ, ਆਦਿ)।

ਜੇ ਕਿਸੇ ਹੋਰ ਤਰ੍ਹਾਂ ਮੰਗ ਨਹੀਂ ਕੀਤੀ ਗਈ ਤਾਂ ਇਹ ਸਰਟੀਫਾਇਡ ਅਨੁਵਾਦ ਹੋਵੇਗਾ ਜੋ ਕਿ ਮੋਜ਼ੈਕ ਟ੍ਰਾਂਸਲੇਸ਼ਨਜ ਡਿਪਾਰਟਮੈਂਟ ਦੇ ਲੈਟਰਹੈੱਡ ਉੱਪਰ ਛਪਿਆ ਹੋਵੇਗਾ ਅਤੇ ਇਸ ਦੇ ਨਾਲ ਅਸਲੀ ਡਾਕੂਮੈਂਟ ਦੀ ਇਕ ਕਾਪੀ ਹੋਵੇਗੀ ਅਤੇ ਅਨੁਵਾਦ ਕਰਨ ਵਾਲੇ ਦੇ ਦਸਤਖਤਾਂ ਵਾਲਾ ਐਲਾਨ-ਪੱਤਰ ਹੋਵੇਗਾ ਜੋ ਅਨੁਵਾਦ ਦੀ ਦਰੁਸਤੀ ਦੀ ਪੁਸ਼ਟੀ ਕਰੇਗਾ।